BS/2110 [redacted] (ਸਮੈਸਟਰ-ਤੀਜਾ) 5351/NH

ਪੰਜਾਬੀ (ਲਾਜ਼ਮੀ)

[redacted] [redacted]

[redacted] ਅੰਦਰੂਨੀ ਮਲਾਂਕਣ ਵਿਚੋਂ ਪਾਸ ਹੋਣ ਲਈ [redacted]

ਬਾਹਰੀ ਅੰਕ:75 ਬਾਹਰੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ: 26

ਸਮਾਂ:3 ਘੰਟੇ

ਭਾਗ-ੳ

**ਪ੍ਰਸ਼ਨ:1 ਤਿੰਨ ਵਿੱਚੋਂ ਇੱਕ ਕਰੋ।** ਅੰਕ:12

ਪ੍ਰਸ਼ਨ: ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਦਾ ਵਿਸ਼ਾ-ਵਸਤੂ ਲਿਖੋ।

ਪ੍ਰਸ਼ਨ: ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਦੀਆਂ ਕਲਾਤਮਕ ਜੁਗਤਾਂ ਦਾ ਅਧਿਐਨ ਕਰੋ।

ਪ੍ਰਸ਼ਨ: ਨਾਨਕ ਸਿੰਘ ਦੀ ਪੰਜਾਬੀ ਨਾਵਲ ਰਚਨਾ ਨੂੰ ਦੇਣ 'ਤੇ ਇੱਕ ਨੋਟ ਲਿਖੋ।

**ਪ੍ਰਸ਼ਨ:2 ਤਿੰਨ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉਤਰ ਦਿਓ।** ਅੰਕ:12

ਪ੍ਰਸ਼ਨ: ਸੁਦਰਸ਼ਨ ਸਿੰਘ ਦਾ ਪਾਤਰ-ਚਿਤਰਨ ਕਰੋ।

ਪ੍ਰਸ਼ਨ: ਬੀਰੀ ਦਾ ਪਾਤਰ-ਚਿਤਰਨ ਕਰੋ।

ਪ੍ਰਸ਼ਨ: ਸੋਢੀ ਸੁਖਦੇਵ ਸਿੰਘ ਦਾ ਪਾਤਰ-ਚਿਤਰਨ ਕਰੋ।

ਭਾਗ-ਅ

**ਪ੍ਰਸ਼ਨ:3 ਤਿੰਨ ਵਿੱਚੋਂ ਇੱਕ ਪੱਤਰ ਲਿਖੋ।** ਅੰਕ:09

1. ਤੁਹਾਡੇ ਕਸਬੇ ਵਿੱਚ ਦੋ ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚਲਦਿਆਂ ਹੀਰੋ ਮੋਟਰਜ਼ ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਅਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ।
2. ਸਿੱਖਿਆ-ਨਿਰਦੇਸ਼ਕ ਨੂੰ ਨੌਕਰੀ ਲਈ ਪ੍ਰਾਰਥਨਾ ਪੱਤਰ ਲਿਖੋ।
3. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਕਿਸੇ ਕਾਲਜ ਦੇ ਪ੍ਰਿੰਸੀਪਲ ਨੂੰ ਆਪਣੀ ਯੋਗਤਾ ਦੱਸਦੇ ਹੋਏ ਕਾਲਜ ਵਿੱਚ ਅਧਿਆਪਕ ਲੱਗਣ ਲਈ ਬੇਨਤੀ ਪੱਤਰ ਲਿਖੋ।

ਪ੍ਰਸ਼ਨ:4 ਕਿਸੇ ਇੱਕ ਪ੍ਰਸ਼ਨ ਦਾ ਉਤਰ ਦਿਓ। ਅੰਕ: 12

1. ਸੰਯੁਕਤ ਵਾਕ ਦੀ ਪਰਿਭਾਸ਼ਾ, ਵਾਕ ਵਿਚ ਕਾਰਜ ਅਤੇ ਬਣਤਰ ਤੇ ਨੋਟ ਲਿਖੋ।
2. ਸਧਾਰਨ ਵਾਕ ਦੀ ਪਰਿਭਾਸ਼ਾ ਅਤੇ ਪੈਟਰਨਾਂ 'ਤੇ ਵਿਸਤਾਰ ਪੂਰਵਕ ਨੋਟ ਲਿਖੋ।
3. ਸਵਾਧੀਨ ਵਾਕ ਦੀ ਪਰਿਭਾਸ਼ਾ ਅਤੇ ਪੈਟਰਨਾਂ 'ਤੇ ਵਿਸਤਾਰ ਪੂਰਵਕ ਨੋਟ ਲਿਖੋ।

ਭਾਗ-ੲ

ਨੋਟ ਸਾਰੇ ਪ੍ਰਸ਼ਨ ਲਾਜ਼ਮੀ ਹਨ। ਕੁੱਲ ਅੰਕ:30

1. ਵਿਆਕਰਨ ਵਿੱਚ ਵੱਡੀ ਤੋਂ ਵੱਡੀ ਇਕਾਈ ਤੋਂ ਕੀ ਭਾਵ ਹੈ?
2. ਵਾਕੰਸ਼ ਤੋਂ ਕੀ ਭਾਵ ਹੈ?
3. ਕਿਸ ਵਿਦਵਾਨ ਨੇ 'ਸ਼ਬਦ' ਨੂੰ ਭਾਸ਼ਾ ਦੀ ਵਿਆਕਰਨਕ ਪੱਧਰ 'ਤੇ ਛੋਟੀ ਤੋਂ ਛੋਟੀ ਇਕਾਈ ਕਹਿ ਕੇ ਪਰਿਭਾਸ਼ਤ ਕੀਤਾ ਹੈ?
4. ਵਧੇਤਰਾਂ ਤੋਂ ਕੀ ਭਾਵ ਹੈ?
5. 'ਮੁੰਡੇ ਨੇ ਘੋੜੇ ਨੂੰ ਪਾਣੀ ਪਿਆਇਆ'। ਵਾਕ ਵਿੱਚ 'ਕਰਮ' ਦੀ ਪਛਾਣ ਕਰੋ।
6. 'ਪਿਓ ਨੇ ਪੁੱਤਰ ਨੂੰ ਡਾਕਟਰ ਬਣਾਇਆ'। ਵਾਕ ਵਿੱਚ 'ਪੂਰਕ' ਦੀ ਪਛਾਣ ਕਰੋ।
7. 'ਅਜੇ ਚਾਨਣ ਹੀ ਸੀ ਕਿ ਗੋਲ਼ੀ ਚੱਲ ਗਈ'। ਵਾਕ ਵਿੱਚ 'ਪਰਾਧੀਨ' ਵਾਕ ਦੀ ਪਛਾਣ ਕਰੋ।
8. ਸੰਯੁਕਤ ਅਧੀਨ ਯੋਜਕ ਕਿਹੜੇ ਹੁੰਦੇ ਹਨ?
9. ਨਾਨਕ ਸਿੰਘ ਦੇ ਚਾਰ ਨਾਵਲਾਂ ਦੇ ਨਾਂ ਲਿਖੋ।
10. ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਕਿਸ ਲਹਿਰ ਨਾਲ ਸੰਬੰਧਤ ਹੈ?
11. ਮਾਸਟਰ ਦਲੀਪ ਕੌਣ ਸੀ?
12. ਨਾਨਕ ਸਿੰਘ ਨੂੰ ਕਿਸ ਨਾਵਲ ਲਈ ਸਾਹਿਤ ਅਕਾਦਮੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ?
13. 'ਇੱਕ ਮਿਆਨ ਦੋ ਤਲਾਵਾਰਾਂ' ਸਿਰਲੇਖ ਤੋਂ ਭਾਵ ਕੀ ਹੈ?
14. ਨਾਨਕ ਸਿੰਘ ਦੇ ਨਾਵਲਾਂ ਦੀ ਵਿਲੱਖਣਤਾ ਕੀ ਹੈ?
15. ਨਾਨਕ ਸਿੰਘ ਕਿਸ ਦੌਰ ਦਾ ਨਾਵਲਕਾਰ ਹੈ?

5351/NH